The true picture of your local community
NZ ਤਸਵੀਰ NEWS

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644



The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News



0800 CLEANUS
RED CLEANING
Old & New Build House Cleaning (Inside & Outside)
- Home Cleaning
- Carpet Cleaning
- Floor Polishing
- Water Blaster
- Lawn Mowing

Carpet Cleaning
3 Bedroom $95
5 Bedroom $135

- ਹੋਮ ਕਲੀਨਿੰਗ
- ਕਾਰਪੇਟ ਕਲੀਨਿੰਗ
- ਫਲੋਰ ਪੋਲਿਸ਼ਿੰਗ
- ਵਾਟਰ ਬਲਾਸਟਰ
- ਲਾਅਨ ਮੂਵਿੰਗ

ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz



25 January 2019 Daily, editornztasveer@gmail.com designnztasveer@gmail.com Ph/Fax: 09 390 4644 FREE


## ‘ਭਵ ਢਿੱਲੋਂ’ ਨੂੰ ਪਰਵਾਸੀ ਸੰਮੇਲਨ ‘ਚ ਮਿਲਿਆ ਸਭ ਤੋਂ ਵੱਡਾ ਸਨਮਾਨ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) 15ਵੇਂ ਪਰਵਾਸੀ ਭਾਰਤੀ ਸੰਮੇਲਨ ਦੌਰਾਨ ਨਿਊਜ਼ੀਲੈਂਡ ‘ਚ ਆਨਰੇਰੀ ਕੌਂਸਲ ਆਫ਼ ਇੰਡੀਆ ਨੂੰ ‘ਪਰਵਾਸੀ ਭਾਰਤੀ ਸਨਮਾਨ’ ਨਾਲ ਨਵਾਜਿਆ ਗਿਆ ਹੈ। ਉਨ੍ਹਾਂ ਨੂੰ ਸਨਮਾਨ ਪੱਤਰ ਦੇ ਨਾਲ 70 ਗਰਾਮ ਅਸਲ ਗੋਲਡ ਮੈਡਲ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਇਹ ਵੱਡਾ ਸਨਮਾਨ ਵਿਦੇਸ਼ਾਂ ‘ਚ ਬੈਠ ਕੇ ਭਾਰਤ ਲਈ ਵਧੀਆ ਸੇਵਾਵਾਂ ਦੇਣ ਬਦਲੇ ਹਰ ਸਾਲ ਕਿਸੇ ਨਾ ਕਿਸੇ ਨੂੰ ਦਿੱਤਾ ਜਾਂਦਾ ਹੈ। ਭਾਰਤ ਦੇ ਰਾਸ਼ਟਰਪਤੀ ਜੀ ਨੇ ਜਦੋਂ ਉਨ੍ਹਾਂ ਨੂੰ ਇਹ ਸਨਮਾਨ ਦਿੱਤਾ ਤਾਂ ਉਸ ਵੇਲੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦੱਤਿਆ ਨਾਥ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਇਹ ਸਨਮਾਨ ਪਰਵਾਸੀ ਨਿਊਜ਼ੀਲੈਂਡ ਦੇ ਪਾਰਲੀਮੈਂਟ ਮੈਂਬਰ ਕੰਵਲਜੀਤ ਸਿੰਘ ਬਖਸ਼ੀ, ਜੱਜ ਅਜੀਤ ਸਿੰਘ, ਸਰ ਸੱਤਿਆਨੰਦ, ਮਾਈਕਰੋਸੌਫਟ ਦੇ ਸੀਈਓ ਸੱਤਿਆ ਨੰਦੇਲਾ ਨੂੰ ਮਿਲ ਚੁੱਕਾ ਹੈ।ਜਿਕਰਯੋਗ ਹੈ ਕਿ ਭਵ ਢਿੱਲੋਂ ਸੀਮਿਕਸ ਕੰਪਨੀ ਦੇ ਡਾਇਰੈਕਟਰ ਹਨ ਅਤੇ ਇੰਡੀਆ ਨਿਊਜ਼ੀਲੈਂਡ ਬਿਜ਼ਨਸ ਕੌਂਸਲ ਦੇ ਖਜ਼ਾਨਚੀ ਵਜੋਂ ਕੰਮ ਕਰ ਰਹੇ ਹਨ। ਇਹ ਕੌਂਸਲ ਭਾਰਤ ਤੇ ਨਿਊਜ਼ੀਲੈਂਡ ‘ਚ ਵਪਾਰਕ ਸਬੰਧਾਂ ਨੂੰ ਵਧਾਉਣ ਲਈ ਯਤਨਸ਼ੀਲ ਰਹਿੰਦੀ ਹੈ।

## ਨਿਊਜ਼ੀਲੈਂਡ ‘ਚ ਨੇਪੀਅਰ ਦੇ ਮੇਅਰ ਨੇ ਕਹੀ ਵੱਡੀ ਗੱਲ

ਨੇਪੀਅਰ : ਨੇਪੀਅਰ ਦੇ ਮੇਅਰ ਬਿਲ ਡਾਲਟਨ ਨੇ ਕਿਹਾ ਕਿ ਭਾਰਤ ਨੂੰ ਨਿਊਜ਼ੀਲੈਂਡ ਦੇ ਕ੍ਰਿਕਟਰਾਂ ਨੂੰ ਇੰਨਾ ਮਜ਼ਬੂਤ ਹੋਣਾ ਚਾਹੀਦਾ ਹੈ ਕਿ ਅੱਖ ‘ਚ ਸੂਰਜ ਦੀ ਰੌਸ਼ਨੀ ਕੁਝ ਹੱਦ ਤੱਕ ਬਰਦਾਸ਼ਤ ਕਰ ਸਕਣ। ਉਨ੍ਹਾਂ ਇਹ ਵੀ ਸਵਾਲ ਚੁੱਕਿਆ ਕਿ ਜੇਕਰ ਅਜਿਹੇ ਹਾਲਾਤ ਭਾਰਤ ਵਿਚ ਹੁੰਦੇ ਤਾਂ ਕੀ ਖਿਡਾਰੀ ਮੈਦਾਨ ਛੱਡ ਦਿੰਦੇ। ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਪਹਿਲੇ ਵਨ ਡੇ ਵਿਚ ਡੁਬਦੇ ਸੂਰਜ ਦੀ ਰੌਸ਼ਨੀ ਤੋਂ ਰੁਕਾਵਟ ਪੈਣ ਕਾਰਨ ਖੇਡ ਕਰੀਬ ਅੱਧਾ ਘੰਟਾ ਰੋਕਣਾ ਪਿਆ ਸੀ। ਕੌਮਾਂਤਰੀ ਕ੍ਰਿਕਟ ਵਿਚ ਅਜਿਹਾ ਪਹਿਲੀ ਵਾਰ ਹੋਇਆ ਸੀ।ਡਾਲਟਨ ਨੇ ਮੀਡੀਆ ਨੂੰ ਕਿਹਾ, “ਭਾਰਤ ਵਿਚ ਅਜਿਹੇ ਹਾਲਾਤ ਪੈਦਾ ਹੁੰਦੇ ਤਾਂ ਕੀ ਖਿਡਾਰੀ ਮੈਦਾਨ ਛੱਡ ਦਿੰਦੇ। ਇਮਾਨਦਾਰੀ ਨਾਲ ਕਹਾਂ ਤਾਂ ਮੇਰਾ ਮੰਨਣਾ ਹੈ ਕਿ ਸਾਰੇ ਖਿਡਾਰੀ ਹਨ ਅਤੇ ਉਨ੍ਹਾਂ ਨੂੰ ਇੰਨਾ ਮਜ਼ਬੂਤ ਹੋਣਾ ਚਾਹੀਦਾ ਹੈ ਕਿ ਕੁਝ ਸਮੇਂ ਤੱਕ ਸੂਰਜ ਦੀ ਰੌਸ਼ਨੀ ਝੱਲ ਸਕਣ। ਇਹ ਆਊਟਡੋਰ ਖੇਡ ਹੈ ਅਤੇ ਉਨ੍ਹਾਂ ਨੂੰ ਮਜ਼ਬੂਤ ਹੋਣਾ ਚਾਹੀਦਾ ਹੈ। ਮੇਰੇ ਲਈ ਇਹ ਸਭ ਅਜੀਬ ਸੀ।“ਨਿਊਜ਼ੀਲੈਂਡ




ਕ੍ਰਿਕਟ ਦੇ ਬੁਲਾਰੇ ਰਿਚਰਡ ਬੂਕ ਨੇ ਕਿਹਾ ਕਿ ਸਮੱਸਿਆ ਦਾ ਕੋਈ ਹਲ ਨਹੀਂ ਦਿਸ ਰਿਹਾ। ਭਾਰਤੀ ਕਪਤਾਨ ਵਿਰਾਟ ਕੋਹਲੀ ਨੇ ਕਿਹਾ, “ਇਹ ਦਿਲਚਸਪ ਸੀ। 2014 ‘ਚ ਅਜਿਹਾ ਹੋਇਆ ਸੀ ਜਦੋਂ ਮੇਰੀ ਅੱਖ ‘ਚ ਸੂਰਜ ਦੀ ਰੌਸ਼ਨੀ ਪੈ ਰਹੀ ਸੀ ਪਰ ਉਸ ਸਮੇਂ ਇਹ ਨਿਯਮ ਨਹੀਂ ਸੀ।“ ਇਸ ਤੋਂ ਬਾਅਦ ਨਿਊਜ਼ੀਲੈਂਡ ਕਪਤਾਨ ਕੇਨ ਵਿਲੀਅਮਸਨ ਨੇ ਮਜ਼ਾਕੀਆ ਅੰਦਾਜ਼ ‘ਚ ਕਿਹਾ, “ਸੂਰਜ ਨੂੰ ਹਟਾਉਣਾ ਤਾਂ ਸੰਭਵ ਨਹੀਂ ਅਤੇ ਨਾਂ ਹੀ ਗ੍ਰੈਂਡਸਟੈਂਡ ਨੂੰ। ਇਸ ਲਈ ਅਸੀਂ ਹੀ ਕੁਝ ਦੇਰ ਬ੍ਰੇਕ ਲੈ ਲਈ। ਇੰਗਲੈਂਡ ਦੇ ਕੁਝ ਮੈਦਾਨਾਂ ‘ਤੇ ਸੂਰਜ ਦੀ ਰੌਸ਼ਨੀ ਕਾਰਨ ਖੇਡ ਰੋਕਿਆ ਜਾਂਦਾ ਰਿਹਾ ਹੈ ਪਰ ਕੌਮਾਂਤਰੀ ਮੈਚ ਨਹੀਂ। ਭਾਰਤ ਅਤੇ ਇੰਗਲੈਂਡ ਵਿਚਾਲੇ 1980 ਵਿਚ ਮੁੰਬਈ ਟੈਸਟ ਸੂਰਜ ਗ੍ਰਹਿਣ ਕਾਰਨ ਇਕ ਦਿਨ ਬਾਅਦ ਖੇਡਿਆ ਗਿਆ ਸੀ। ਆਮ ਤੌਰ ‘ਤੇ ਇਨ੍ਹਾਂ ਹਾਲਾਤਾਂ ਤੋਂ ਬਚਣ ਲਈ ਕ੍ਰਿਕਟ ਦੀ ਪਿਚਾਂ ਉੱਤਰ ਦੱਖਣੀ ਦਿਸ਼ਾ ‘ਚ ਹੁੰਦੀਆਂ ਹਨ ਪਰ ਮੈਕਲੀਨ ਪਾਰਕ ਵਿਚ ਇਹ ਪੂਰਬ-ਪੱਛਮ ਵਲ ਹੈ।“

## ਟੀਮ ਇੰਡੀਆ ਦੀ ਨਿਊਜ਼ੀਲੈਂਡ ਤੇ ਵੱਡੀ ਜਿੱਤ




ਨੇਪੀਅਰ— ਫਾਰਮ ‘ਚ ਚਲ ਰਹੀ ਸਮ੍ਰਿਤੀ ਮੰਧਾਨਾ ਅਤੇ ਯੁਵਾ ਜੇਮਿਮਾ ਰੋਡ੍ਰੀਗੇਜ਼ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਦਮ ‘ਤੇ ਭਾਰਤ ਨੇ ਨਿਊਜ਼ੀਲੈਂਡ ਨੂੰ ਪਹਿਲੇ ਇਕ ਰੋਜ਼ਾ ਕ੍ਰਿਕਟ ਮੈਚ ‘ਚ 9 ਵਿਕਟਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਸੀਰੀਜ਼ ‘ਚ ਬੜ੍ਹਤ ਬਣਾ ਲਈ ਹੈ। 22 ਸਾਲਾਂ ਦੀ ਮੰਧਾਨਾ ਨੇ 105 ਅਤੇ 18 ਸਾਲਾ ਰੋਡ੍ਰੀਗੇਜ਼ ਨੇ ਅਜੇਤੂ 81 ਦੌੜਾਂ ਬਣਾਈਆਂ। ਇਸ ਤੋਂ ਪਹਿਲਾਂ ਭਾਰਤੀ ਗੇਂਦਬਾਜ਼ਾਂ ਨੇ ਨਿਊਜ਼ੀਲੈਂਡ ਨੂੰ 192 ਦੌੜਾਂ ‘ਤੇ ਆਊਟ ਕਰ ਦਿੱਤਾ ਸੀ। ਆਈ.ਸੀ.ਸੀ. ਸਾਲ ਦੀ ਸਰਵਸ੍ਰੇਸ਼ਠ ਮਹਿਲਾ ਕ੍ਰਿਕਟਰ ਦਾ ਪੁਰਸਕਾਰ ਜਿੱਤਣ ਵਾਲੀ ਮੰਧਾਨਾ ਨੇ ਚੌਥਾ ਵਨ ਡੇ ਸੈਂਕੜਾ ਲਾਇਆ ਹੈ। ਜਦਕਿ ਰੋਡ੍ਰੀਗੇਜ਼ ਦਾ ਇਹ ਪਹਿਲਾ ਕੌਮਾਂਤਰੀ ਅਰਧ ਸੈਂਕੜਾ ਸੀ।ਪਿਛਲੇ ਸਾਲ ਟੀਮ ਦੇ ਟੀ-20 ਵਿਸ਼ਵ ਕੱਪ ਸੈਮੀਫਾਈਨਲ ਤੋਂ ਬਾਹਰ ਹੋਣ ਦੇ ਬਾਅਦ ਭਾਰਤ ਦੀ ਇਹ ਪਹਿਲੀ ਸੀਰੀਜ਼ ਹੈ। ਭਾਰਤੀ ਟੀਮ ਨੇ ਪਿਛਲੇ ਵਿਵਾਦਾਂ ਨੂੰ ਭੁਲਾਉਂਦੇ ਹੋਏ 33 ਓਵਰ ‘ਚ ਹੀ ਮੈਚ ਜਿੱਤ ਲਿਆ। ਭਾਰਤੀ ਕਪਤਾਨ ਮਿਤਾਲੀ ਰਾਜ ਨੇ ਮੈਚ ਦੇ ਬਾਅਦ ਕਿਹਾ ਕਿ ਇਹ ਸ਼ਾਨਦਾਰ ਸ਼ੁਰੂਆਤ ਹੈ ਅਤੇ ਸਲਾਮੀ ਜੋੜੀ ਨੂੰ 100 ਦੌੜਾਂ ਤੋਂ ਉੱਪਰ ਦੀ ਸਾਂਝੇਦਾਰੀ ਕਰਦੇ ਦੇਖਣਾ ਚੰਗਾ ਲੱਗਾ। ਮੰਧਾਨਾ ਲੜਕੀਆਂ ਲਈ ਰੋਲ ਮਾਡਲ ਹੈ।“ ਮੰਧਾਨਾ ਨੇ 104 ਗੇਂਦਾਂ ਦੀ ਆਪਣੀ ਪਾਰੀ ‘ਚ 9 ਚੌਕੇ ਅਤੇ ਤਿੰਨ ਛੱਕੇ ਲਗਾਏ। ਰੋਡ੍ਰੀਗੇਜ ਨੇ ਵੀ ਨੌਂ ਵਾਰ ਗੇਂਦ ਨੂੰ ਬਾਊਂਡਰੀ ਤਕ ਪਹੁੰਚਾਇਆ। ਇਸ ਤੋਂ ਪਹਿਲਾਂ ਨਿਊਜ਼ੀਲੈਂਡ ਟੀਮ ਨੇ ਪਹਿਲਾਂ ਬੱਲੇਬਾਜ਼ੀ ਲਈ ਭੇਜੇ ਜਾਣ ‘ਤੇ ਚੰਗੀ ਸ਼ੁਰੂਆਤ ਕੀਤੀ ਪਰ ਉਸ ਨੂੰ ਕਾਇਮ ਨਾ ਰਖ ਸਕੀ। ਏਕਤਾ ਬਿਸ਼ਟ ਅਤੇ ਪੂਨਮ ਯਾਦਵ ਨੇ ਤਿੰਨ-ਤਿੰਨ ਵਿਕਟਾਂ ਲੈ ਕੇ ਨਿਊਜ਼ੀਲੈਂਡ ‘ਤੇ ਦਬਾਅ ਬਣਾਇਆ। ਸੂਜੀ ਬੇਟਸ ਨੇ 38 ਅਤੇ ਸੋਫੀ ਡੇਵਾਈਨ ਨੇ 28 ਦੌੜਾਂ ਦੀ ਪਾਰੀ ਖੇਡੀ। ਅਗਲਾ ਮੈਚ 29 ਜਨਵਰੀ ਨੂੰ ਮਾਊਂਟ ਮਾਊਂਗਾਨੂਡ ‘ਚ ਖੇਡਿਆ ਜਾਵੇਗਾ।

## ਯੂ. ਐਸ. ਮਾਰਕਿਟ ਚ ਮਜ਼ਬੂਤੀ, ਡਾਓ 171 ਅੰਕ ਚੜ੍ਹ ਕੇ ਬੰਦ

ਗਲੋਬਲ ਸੰਕੇਤਾਂ ‘ਤੇ ਨਜ਼ਰ ਮਾਰੀਏ ਤਾਂ ਅੱਜ ਏਸ਼ੀਆਈ ਬਾਜ਼ਾਰਾਂ ਦੀ ਮਿਲੀ-ਜੁਲੀ ਸ਼ੁਰੂਆਤ ਦੇਖਣ ਨੂੰ ਮਿਲੀ ਹੈ। ਐੱਸ.ਜੀ.ਐਕਸ ਨਿਫਟੀ ਵਾਧੇ ਨਾਲ ਕਾਰੋਬਾਰ ਕਰ ਰਿਹਾ ਹੈ। ਉੱਧਰ ਕੱਲ ਦੇ ਕਾਰੋਬਾਰ ‘ਚ ਆਈ.ਬੀ.ਐੱਮ. ਪੀ ਐਂਡ ਜੀ ਦੇ ਚੰਗੇ ਨਤੀਜਿਆਂ ਨਾਲ ਅਮਰੀਕੀ ਬਾਜ਼ਾਰਾਂ ‘ਚ ਖਰੀਦਾਰੀ ਵਾਪਸ ਆਈ ਅਤੇ ਡਾਓ 171 ਅੰਕ ਚੜ੍ਹ ਕੇ ਬੰਦ ਹੋਇਆ। ਕੱਲ ਦੇ ਕਾਰੋਬਾਰ ‘ਚ ਆਈ.ਬੀ.ਐੱਮ. 8 ਫੀਸਦੀ ਤਾਂ ਯੂਨਾਈਟਿਡ ਤਕਨਾਲੋਜੀ ਦੇ ਸ਼ੇਅਰ 5 ਫੀਸਦੀ ਤੱਕ ਚੜ੍ਹੇ। ਕੱਲ੍ਹ ਡਾਓ 171 ਅੰਕ ਚੜ੍ਹਿਆ। ਇਸ ‘ਚ ਹੇਠਲੇ ਪੱਧਰਾਂ ‘ਤੋਂ 268 ਅੰਕਾਂ ਦਾ ਸੁਧਾਰ ਦੇਖਣ ਨੂੰ ਮਿਲਿਆ ਹੈ। ਉੱਧਰ ਐੱਸ ਐਂਡ ਪੀ 500 ਅਤੇ ਨੈਸਡੈਕ ਵੀ ਵਾਧੇ ‘ਤੇ ਬੰਦ ਹੋਏ। ਇਸ ਦੌਰਾਨ ਕਰੂਡ ‘ਚ ਨਰਮੀ ਆਈ ਹੈ ਅਤੇ ਬ੍ਰੈਂਟ ਦੀ ਕੀਮਤ 61 ਬੈਰਲ ਦੇ ਹੇਠਾਂ ਦਿਸ ਰਹੀ ਹੈ। ਉੱਧਰ ਵੈਨੇਜੁਏਲਾ ਨੇ ਅਮਰੀਕਾ ਤੋਂ ਰਾਜਨਇਕ ਸੰਬੰਧ ਤੋੜ ਦਿੱਤਾ ਹੈ। ਵੈਨੇਜੁਏਲਾ ‘ਚ ਵਿਰੋਧੀ ਨੇਤਾ ਨੂੰ ਟਰੰਪ ਦਾ ਸਮਰਥਨ ਮਿਲ ਰਿਹਾ ਹੈ।


Roscommon food Plaza is looking to hire
A full time Cook/chef in Manurewa, Auckland.

The ideal candidate must be physically fit have a sound experience of 2-3 years with reputed employers in New Zealand or overseas.
You must be able to demonstrate knowledge and skills to perform following tasks.

- To make all special sweets and snack items as required for various Indian festivals.
- Indian Curries, like Chicken Tikka Masala, Butter Chicken, Mango Chicken, Rogan josh and many other north and south Indian dishes
- Decorate items as required
- You must be able-bodied to handle the workload and pressure for this job.
- Clean the working areas and equipment at the end of the day.
- Keep all stock and finished products in fridge/freezer, if required.
- Take care of health, safety and hygiene in and around work areas.
- To make sure all the equipment you are using is safe to use.



Applicants for this position should have NZ residency or a valid NZ work visa.

Contact: Amrit
Info.nzid@gmail.com
0221510043, 0226776704


## ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜੀਲੈਂਡ ਦੇ ਜਰਨਲ ਸੈਕਟਰੀ ਰਾਜ ਕੁਮਾਰ ਜੀ ਦੇ ਨਮਿਤ ਸ਼ੋਕ ਸਮਾਗਮ 27 ਨੂੰ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੰਜਾਬ ਦੇ ਨਕੋਦਰ ਨਾਲ ਸਬੰਧਤ ਅਤੇ ਨਿਊਜੀਲੈਂਡ ਵਸਦੇ ਜੈ ਭਾਰਤ ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜੀਲੈਂਡ ਦੇ ਜਰਨਲ ਸੈਕਟਰੀ ਸ੍ਰੀ ਰਾਜ ਕੁਮਾਰ ਜੀ ਜੋ ਆਪਣੀ ਭਾਰਤ ਫੇਰੀ ਦੌਰਾਨ ਪਿਛਲੇ ਦਿਨੀਂ ਬ੍ਰਹਿਮੰਡ ਦੀਆਂ ਉਨ੍ਹਾਂ ਉਚਾਈਆਂ ਵਿੱਚ ਲੀਨ ਹੋ ਗਏ ਸਨ ਜਿੱਥੋਂ ਕੋਈਂ ਵੀ ਵਾਪਿਸ ਨਹੀਂ ਆਉਂਦਾ। ਉਨ੍ਹਾਂ ਦੇ ਚਾਹੁਣ ਵਾਲਿਆਂ ਵੱਲੋਂ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਇੱਕ ਸ਼ੋਕ ਸਮਾਗਮ ਮਿਤੀ 27 ਜਨਵਰੀ 2019, ਦਿਨ ਐਤਵਾਰ ਬਾਅਦ ਦੁਪਹਿਰ 2:30 ਵਜੇ ਪੁਕੀਕੁਹੀ ਟਾਊਨ ਹਾਲ ਵਿਖੇ ਰੱਖਿਆ ਗਿਆ ਹੈ। ਉਨ੍ਹਾਂ ਨਾਲ ਸਾਂਝ ਰੱਖਣ ਵਾਲੇ ਜ਼ਰੂਰ ਪਹੁੰਚਣ। ਇਸ ਸਬੰਧੀ ਕਿਸੇ ਵੀ ਜਾਣਕਾਰੀ ਲਈ ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜੀਲੈਂਡ ਨੂੰ 021670953 (ਰੇਸ਼ਮ ਕਰੀਮਪੁਰੀ) ਜਾਂ 0211568105 ਮਹਿੰਦਰਪਾਲ, ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਏਅਰ ਨਿਊਜ਼ੀਲੈਂਡ ‘ਚ ਇਸ ਕਾਰਨ ਮੁਸਾਫਰਾਂ ਦੀ ਮੁੱਠੀ ‘ਚ ਅਟਕੀ ਜਾਨ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਏਅਰ ਨਿਊਜ਼ੀਲੈਂਡ ਦੀ ਕ੍ਰਾਈਸਚਰਚ ਤੋਂ ਇਨਵਰਕਾਰਗਿਲ ਜਾ ਰਹੀ ਸੀ ਤਾਂ ਉਡਾਣ ਦੌਰਾਨ ਯਾਤਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਇਆ ਹੈ। ਮਿਲੀ ਜਾਣਕਾਰੀ ਅਨੁਸਾਰ ਉਡਾਣ ਨੰਬਰ ਐੱਨ ਜੈੱਡ 5715 ਨੰਬਰ ਦੇ ਦੌਰਾਨ ਕਾਫੀ ਯਾਤਰੀਆਂ ਨੂੰ ਜੋਰ-ਜੋਰ ਦੀ ਧੱਕੇ ਵਜਣੇ ਸ਼ੁਰੂ ਹੋ ਗਏ ਸਨ ਅਤੇ ਕਾਫੀ ਯਾਤਰੀਆਂ ਨੂੰ ਉਲਟੀਆਂ ਵੀ ਲੱਗ ਗਈਆਂ। ਇਸ ਦਾ ਕਾਰਨ ਤੇਜ ਹਵਾਵਾਂ ਦੱਸਿਆ ਜਾ ਰਿਹਾ ਹੈ ਜੋ ਕਿ 180 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਚੱਲ ਰਹੀਆਂ ਸਨ। ਪਰ ਇਸ ਸਭ ਦੇ ਬਾਵਜੂਦ ਏਅਰ ਨਿਊਜੀਲੈਂਡ ਦੇ ਮੈਡੀਕਲ ਸਟਾਫ ਨੇ ਪੂਰੀ ਸਥਿਤੀ ਨੂੰ ਸੰਭਾਲਿਆ ਅਤੇ ਯਾਤਰੀਆਂ ਨੂੰ ਇਸ ਸਾਰੀ ਸਥਿਤੀ ਬਾਰੇ ਜਾਣੂ ਕਰਵਾ ਕੇ ਕਿਸੇ ਵੀ ਤਰਾਂ ਦੀ ਘਬਰਾਹਟ ਵਿਚ ਨਾ ਆਉਣ ਲਈ ਪ੍ਰੇਰਿਆ। ਯਾਤਰਾਂ ਤੋਂ ਬਾਅਦ ਆਈ ਦਿੱਕਤ ਕਾਰਨ ਉਨ੍ਹਾਂ ਨੂੰ ਟਿਕਟਾਂ ਦਾ ਖਰਚਾ ਵੀ ਵਾਪਿਸ ਕਰ ਦਿੱਤਾ ਗਿਆ।